ਵੱਲੋਂ,

ਸਕੱਤਰ,
ਪੰਜਾਬ ਸਕੂਲ ਸਿੱਖਿਆ ਬੋਰਡ,
ਮੋਹਾਲੀ।

ਵੱਲ

ਸਮੂਹ ਕੇਂਦਰ ਸੁਪਰਡੰਟ,

ਨੰ: ਪਸਸਬ-ਸ.ਸ(ਗੁਪਤ-1) 2020/ਸਪੈਸ਼ਲ 88 ਤੋਂ 4803
ਮਿਤੀ: ਐਸ. ਏ. ਐਸ. ਨਗਰ :....27/2/2020

ਵਿਸ਼ਾ:- ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਪ੍ਰੀਖਿਆ ਮਾਰਚ 2020 ਦੀਆਂ ਉੱਤਰ ਪੱਤਰੀਆਂ ਦੇ ਪੈਕਟ ਇਕੱਤਰ ਕੇਂਦਰ ਵਿਖੇ ਜਮ੍ਹਾਂ ਕਰਾਉਣ ਸਬੰਧੀ।

ਵਿਸ਼ੇ ਅਧੀਨ ਦਰਸਾਈਆਂ ਉੱਤਰ ਪੱਤਰੀਆਂ ਦੇ ਪੈਕਟ ਹੇਠ ਲਿਖੇ ਇਕੱਤਰ ਕੇਂਦਰਾਂ ਵਿਖੇ ਜਮ੍ਹਾਂ ਕਰਵਾਏ ਜਾਣੇ ਹਨ। ਸਮੂਹ ਕੇਂਦਰ ਸੁਪਰਡੰਟ ਸਾਹਿਬਾਨ ਆਪਣੇ ਪ੍ਰੀਖਿਆ ਕੇਂਦਰਾਂ ਦੀਆਂ ਉੱਤਰ ਪੱਤਰੀਆਂ ਦੇ ਸੀਲ ਬੰਦ ਪੈਕਟ ਰੋਜ਼ਾਨਾ ਪ੍ਰੀਖਿਆ ਵਾਲੇ ਦਿਨ ਪ੍ਰੀਖਿਆ ਸਮਾਪਤ ਹੋਣ ਤੋਂ ਤੁਰੰਤ ਬਾਅਦ ਪਿਛਲੇ ਪੰਨੇ ਤੇ ਦਰਜ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਜਮ੍ਹਾਂ ਕਰਵਾਉਣਗੇ।

| ਲੜੀ ਨੰ: | ਇਕੱਤਰ ਕੇਂਦਰ ਦਾ ਨਾਂ | ਲੜੀ ਨੰ: | ਇਕੱਤਰ ਕੇਂਦਰ ਦਾ ਨਾਂ |
|---|---|---|---|
| 1 | ਸਰਕਾਰੀ ਸੀਨੀ. ਸੈਕੰ. ਸਕੂਲ, ਅਜਨਾਲਾ(ਅੰਮ੍ਰਿਤਸਰ) | 31 | ਸ੍ਰੀ ਪਾਰਵਤੀ ਜੈਨ ਕੋ.ਐਜੂਕੇਸ਼ਨ ਸੀਨੀ.ਸੈਕੰ.ਸਕੂਲ, ਵਿਜੇ ਨਗਰ,ਜਲੰਧਰ |
| 2 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ, ਅੰਮ੍ਰਿਤਸਰ | 32 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ, ਕਪੂਰਥਲਾ |
| 3 | ਜੀ.ਟੀ.ਬੀ.ਖਾਲਸਾ ਸੀਨੀ. ਸੈਕੰ. ਸਕੂਲ, ਬਾਬਾ ਬਕਾਲਾ(ਅੰਮ੍ਰਿਤਸਰ) | 33 | ਸਰਕਾਰੀ ਕੰਨਿਆਂ ਸੀਨੀ. ਸੈਕੰ. ਸਕੂਲ, ਫਗਵਾੜਾ(ਕਪੂਰਥਲਾ) |
| 4 | ਸਰਕਾਰੀ ਸਾਰਾਗੜ੍ਹੀ ਮੈਮੋਰੀਅਲ ਸੈਕੰ.ਸਕੂਲ, ਅੰਮ੍ਰਿਤਸਰ | 34 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ, ਲੁਧਿਆਣਾ |
| 5 | ਸਰਕਾਰੀ ਸੀਨੀ.ਸੈਕੰ.ਸਕੂਲ(ਲੜਕੇ),ਪੱਟੀ(ਤਰਨਤਾਰਨ) | 35 | ਸਰਕਾਰੀ ਸੀਨੀ. ਸੈਕੰ. ਸਕੂਲ, ਜਗਰਾਉਂ(ਲੁਧਿਆਣਾ) |
| 6 | ਸਰਕਾਰੀ ਸੀਨੀ. ਸੈਕੰ. ਸਕੂਲ(ਲੜਕੇ), ਤਰਨਤਾਰਨ | 36 | ਸਰਕਾਰੀ ਸੀਨੀ. ਸੈਕੰ ਸਕੂਲ (ਕੰਨਿਆਂ) ਸਮਰਾਲਾ(ਲੁਧਿਆਣਾ) |
| 7 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ, ਬਠਿੰਡਾ | 37 | ਸਰਕਾਰੀ ਕੰਨਿਆਂ ਸੀਨੀ. ਸੈਕੰ. ਸਕੂਲ, ਖੰਨਾ(ਲੁਧਿਆਣਾ) |
| 8 | ਸਰਕਾਰੀ ਸੀਨੀ. ਸੈਕੰ. ਸਕੂਲ, ਮੰਡੀ ਫੂਲ(ਬਠਿੰਡਾ) | 38 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ, ਮੋਗਾ |
| 9 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ,ਫਤਿਹਗੜ੍ਹ ਸਾਹਿਬ | 39 | ਸਰਕਾਰੀ ਮਾਡਲ ਸੀਨੀ. ਸੈਕੰ. ਸਕੂਲ (ਲੜਕੇ) ਬਾਘਾਪੁਰਾਣਾ(ਮੋਗਾ) |
| 10 | ਡਾ.ਹਰੀ ਸਿੰਘ ਸੇਵਕ ਸਰਕਾਰੀ ਸੀਨੀ. ਸੈਕੰ. ਸਕੂਲ (ਲੜਕੇ) ਕੋਟਕਪੂਰਾ(ਫਰੀਦਕੋਟ) | 40 | ਸਰਕਾਰੀ ਸੀਨੀ.ਸੈਕੰ.ਸਕੂਲ,ਨਿਹਾਲ ਸਿੰਘ ਵਾਲਾ(ਮੋਗਾ) |
| 11 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ, ਫਰੀਦਕੋਟ | 41 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ, ਸ੍ਰੀ ਮੁਕਤਸਰ ਸਾਹਿਬ |
| 12 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ, ਅਬੋਹਰ(ਫਾਜ਼ਿਲਕਾ) | 42 | ਸਰਕਾਰੀ ਸੀਨੀ. ਸੈਕੰ.ਸਕੂਲ, (ਲੜਕੇ) ਮਲੋਟ(ਸ੍ਰੀ ਮੁਕਤਸਰ ਸਾਹਿਬ) |
| 13 | ਸਰਕਾਰੀ ਸੀਨੀ. ਸੈਕੰ. ਸਕੂਲ (ਲੜਕੀਆਂ), ਫਾਜ਼ਿਲਕਾ | 43 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ, ਮਾਨਸਾ |
| 14 | ਸਰਕਾਰੀ(ਕੰ) ਸੀਨੀ.ਸੈਕੰ.ਸਕੂਲ,ਜਲਾਲਾਬਾਦ ਪੱਛਮੀ(ਫਾਜ਼ਿਲਕਾ) | 44 | ਸਰਕਾਰੀ ਸੀਨੀ. ਸੈਕੰ ਸਕੂਲ (ਲੜਕੇ) ,ਸਰਦੂਲਗੜ੍ਹ(ਮਾਨਸਾ) |
| 15 | ਜੇ.ਐਮ.ਸਰਕਾਰੀ ਮਾਡਲ ਸੀਨੀ. ਸੈਕੰ. ਸਕੂਲ, ਜੀਰਾ(ਫਿਰੋਜ਼ਪੁਰ) | 45 | ਸਰਕਾਰੀ(ਕੰ) ਸੀਨੀ.ਸੈਕੰ.ਸਕੂਲ,ਬੁਢਲਾਡਾ(ਮਾਨਸਾ) |
| 16 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ, ਫਿਰੋਜ਼ਪੁਰ | 46 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ, ਖਟਕੜ ਕਲਾਂ(ਸ਼ਹੀਦ ਭਗਤ ਸਿੰਘ ਨਗਰ) |
| 17 | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) , ਗੁਰੂ ਹਰਸਹਾਏ (ਫਿਰੋਜਪੁਰ) | 47 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ, ਪਟਿਆਲਾ |
| 18 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ, ਪਠਾਨਕੋਟ | 48 | ਸਰਕਾਰੀ ਕੋ ਐਜੂ.ਸੀਨੀ. ਸੈਕੰ. ਸਕੂਲ, ਐਨ.ਟੀ.ਸੀ.ਰਾਜਪੁਰਾ(ਪਟਿਆਲਾ) |
| 19 | ਸਰਕਾਰੀ ਸੀਨੀ.ਸੈਕੰ.ਸਕੂਲ,ਧਾਰਕਲਾਂ(ਪਠਾਨਕੋਟ) | 49 | ਸਰਕਾਰੀ ਸੀਨੀ. ਸੈਕੰ. ਸਕੂਲ (ਲੜਕੇ), ਸਮਾਣਾ(ਪਟਿਆਲਾ) |
| 20 | ਸਰਕਾਰੀ ਸੀਨੀ.ਸੈਕੰ.ਸਕੂਲ(ਲੜਕੇ),ਤਾਰਾਗੜ(ਪਠਾਨਕੋਟ) | 50 | ਸਰਕਾਰੀ ਸੀਨੀ. ਸੈਕੰ. ਸਕੂਲ (ਕੰਨਿਆਂ), ਨਾਭਾ(ਪਟਿਆਲਾ) |
| 21 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ, ਗੁਰਦਾਸਪੁਰ | 51 | ਸਰਕਾਰੀ ਸੀਨੀ.ਸੈਕੰ.ਸਕੂਲ,ਪਾਤੜਾਂ(ਪਟਿਆਲਾ) |
| 22 | ਸਰਕਾਰੀ ਕੰਨਿਆਂ ਸੀਨੀ. ਸੈਕੰ. ਸਕੂਲ, ਬਟਾਲਾ(ਗੁਰਦਾਸਪੁਰ) | 52 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ, ਰੂਪ ਨਗਰ |
| 23 | ਸਰਕਾਰੀ ਸੀਨੀ. ਸੈਕੰ. ਸਕੂਲ (ਲੜਕੇ), ਡੇਰਾ ਬਾਬਾ ਨਾਨਕ (ਗੁਰਦਾਸਪੁਰ) | 53 | ਸਰਕਾਰੀ ਕੰਨਿਆਂ ਸੀਨੀ. ਸੈਕੰ ਸਕੂਲ, ਆਨੰਦਪੁਰ ਸਾਹਿਬ(ਰੂਪ ਨਗਰ) |
| 24 | ਏ.ਐਸ.ਸੀਨੀ. ਸੈਕੰ. ਸਕੂਲ, ਮੁਕੇਰੀਆਂ(ਹੁਸ਼ਿਆਰਪੁਰ) | 54 | ਪੰਜਾਬ ਸਕੂਲ ਸਿੱਖਿਆ ਬੋਰਡ, ਮੁੱਖ ਦਫਤਰ, ਮੋਹਾਲੀ |
| 25 | ਸਰਕਾਰੀ ਸੀਨੀ. ਸੈਕੰ. ਸਕੂਲ, ਟਾਂਡਾ ਉੜਮੁੜ(ਹੁਸ਼ਿਆਰਪੁਰ) | 55 | ਸਰਕਾਰੀ ਸੀਨੀ.ਸੈਕੰ. ਸਕੂਲ, ਡੇਰਾਬੱਸੀ(ਐਸ.ਏ.ਐਸ.ਨਗਰ) |
| 26 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ, ਹੁਸ਼ਿਆਰਪੁਰ | 56 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ, ਸੰਗਰੂਰ |
| 27 | ਸਰਕਾਰੀ ਸੀਨੀ. ਸੈਕੰ. ਸਕੂਲ, ਗੜ੍ਹਸ਼ੰਕਰ(ਹੁਸ਼ਿਆਰਪੁਰ) | 57 | ਸਰਕਾਰੀ ਸੀਨੀ.ਸੈਕੰ. ਸਕੂਲ (ਲੜਕੇ) ਮਲੇਰਕੋਟਲਾ(ਸੰਗਰੂਰ) |
| 28 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ, ਜਲੰਧਰ | 58 | ਸਰਕਾਰੀ ਸੀਨੀ.ਸੈਕੰ.ਸਕੂਲ (ਲੜਕੇ) ਮੂਣਕ (ਸੰਗਰੂਰ) |
| 29 | ਸਰਕਾਰੀ ਸੀਨੀ.ਸੈਕੰ.ਸਕੂਲ (ਲੜਕੇ), ਨਕੋਦਰ(ਜਲੰਧਰ) | 59 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ, ਬਰਨਾਲਾ |
| 30 | ਸਰਕਾਰੀ ਕੰਨਿਆਂ ਸੀਨੀ. ਸੈਕੰ. ਸਕੂਲ, ਫਿਲੌਰ(ਜਲੰਧਰ) | | |

-ਪਰਤੋ ਜੀ-

1. ਬੋਰਡ ਵੱਲੋਂ ਉਪਰੋਕਤ ਅਨੁਸਾਰ ਇਕੱਤਰ ਕੇਂਦਰ ਬਣਾਏ ਗਏ ਹਨ। ਜੇਕਰ ਸਬੰਧਤ ਜ਼ਿਲ੍ਹੇ ਦਾ ਇਕੱਤਰ ਕੇਂਦਰ ਦੂਰ ਹੈ ਅਤੇ ਦੂਜੇ ਜ਼ਿਲ੍ਹੇ ਦਾ ਇਕੱਤਰ ਕੇਂਦਰ ਨਜਦੀਕ ਹੈ ਤਾਂ ਦੂਜੇ ਜ਼ਿਲ੍ਹੇ ਦੇ ਇਕੱਤਰ ਕੇਂਦਰ ਵਿੱਚ ਉੱਤਰ-ਪੱਤਰੀਆਂ ਦੇ ਪੈਕਟ ਜਮ੍ਹਾਂ ਕਰਵਾਏ ਜਾ ਸਕਦੇ ਹਨ। ਇਹ ਯਕੀਨੀ ਬਣਾਇਆ ਜਾਵੇ ਕਿ ਪਹਿਲੇ ਦਿਨ ਜਿਸ ਇਕੱਤਰ ਕੇਂਦਰ ਤੇ ਪੈਕਟ ਜਮ੍ਹਾਂ ਕਰਵਾਏ ਗਏ ਹਨ, ਬਾਕੀ ਪੈਕਟ ਵੀ ਉੱਥੇ ਹੀ ਜਮ੍ਹਾਂ ਕਰਵਾਏ ਜਾਣ।
2. ਕੇਂਦਰ ਸੁਪਰਡੰਟ ਜਾਂ ਕੇਂਦਰ ਸੁਪਰਡੰਟ ਵੱਲੋਂ ਅਧਿਕਾਰਤ ਕਰਮਚਾਰੀ ਵੱਲੋਂ ਹੀ ਉੱਤਰ-ਪੱਤਰੀਆਂ ਦੇ ਪੈਕਟ ਸਮੇਂ ਸਿਰ ਜਮ੍ਹਾਂ ਕਰਵਾਏ ਜਾਣਗੇ। ਜੇਕਰ ਉੱਤਰ-ਪੱਤਰੀਆਂ ਦੇ ਪੈਕਟ ਜਮ੍ਹਾਂ ਕਰਵਾਉਣ ਵਿੱਚ ਦੇਰੀ ਹੋ ਜਾਂਦੀ ਹੈ ਤਾਂ ਇਸ ਸਬੰਧੀ ਨਿਮਨ-ਹਸਤਾਖਰੀ ਨੂੰ ਸੂਚਿਤ ਕੀਤਾ ਜਾਵੇ। ਕੇਂਦਰ ਸੁਪਰਡੰਟ ਆਪਣੇ ਸਪੱਸ਼ਟੀਕਰਨ ਸਮੇਤ ਇਹ ਪੈਕਟ ਮੁੱਖ ਦਫਤਰ ਵਿੱਚ ਜਮ੍ਹਾਂ ਕਰਵਾਉਣਗੇ।
3. ਯੂ.ਐਮ.ਸੀ ਕੇਸਾਂ ਦੀਆਂ ਉੱਤਰ-ਪੱਤਰੀਆਂ ਦੇ ਹਰੇ ਰੰਗ ਦੇ ਸੀਲ ਬੰਦ ਲਿਫਾਫੇ ਵੱਖਰੇ ਤੌਰ ਤੇ ਇਕੱਤਰ ਕੇਂਦਰ ਵਿੱਚ ਜਮ੍ਹਾਂ ਕਰਵਾਏ ਜਾਣ।
4. ਸਟਰੇਅ ਅਤੇ DA ਕੋਡ ਨਾਲ ਸਬੰਧਤ ਉੱਤਰ-ਪੱਤਰੀਆਂ ਦੇ ਵੱਖਰੇ-ਵੱਖਰੇ ਸੀਲ ਬੰਦ ਪੈਕਟ ਬਣਾਏ ਜਾਣ।
5. ਉੱਤਰ-ਪੱਤਰੀਆਂ ਦੇ ਪੈਕਟ ਜਮ੍ਹਾਂ ਕਰਵਾਉਣ ਤੋਂ ਪਹਿਲਾਂ ਡੇਟਸ਼ੀਟ ਨੂੰ ਚੰਗੀ ਤਰ੍ਹਾਂ ਵਾਚ ਲਿਆ ਜਾਵੇ ।
6. ਅੱਠਵੀਂ, ਦਸਵੀਂ/ਬਾਰ੍ਹਵੀਂ ਅਤੇ ਹਰ ਇੱਕ ਵਿਸ਼ੇ ਦੇ ਵੱਖਰੇ-ਵੱਖਰੇ ਪੈਕਟ ਬਣਾਏ ਜਾਣ ਭਾਵ ਸਾਂਝਾ ਪੈਕਟ ਨਾ ਬਣਾਇਆ ਜਾਵੇ।
7. ਜੇਕਰ ਕਿਸੇ ਵਿਸ਼ੇ ਦੇ ਘੱਟ ਪ੍ਰੀਖਿਆਰਥੀ ਹਨ ਅਤੇ ਉਹਨਾਂ ਵਿੱਚੋਂ ਕੋਈ ਵੀ ਹਾਜ਼ਰ ਨਹੀਂ ਹੁੰਦੇ ਤਾਂ ਨਿਲ ਦਾ ਮੀਮੋ ਬਣਾ ਕੇ ਭੇਜਿਆ ਜਾਵੇ।
8. ਜੇਕਰ ਕਿਸੇ ਵਿਸ਼ੇ ਦੀ ਪ੍ਰੀਖਿਆ ਦਾ ਸਮਾਂ ਆਮ ਪ੍ਰੀਖਿਆਵਾਂ ਦੇ ਸਮੇਂ ਨਾਲੋ ਘੱਟ-ਵੱਧ ਹੈ ਤਾਂ ਇਸ ਸਬੰਧੀ ਇੱਕ ਦਿਨ ਪਹਿਲਾਂ ਇਕੱਤਰ ਕੇਂਦਰ ਦੇ ਕਰਮਚਾਰੀਆਂ ਨਾਲ ਸੰਪਰਕ ਕੀਤਾ ਜਾਵੇ।
9. ਉੱਤਰ-ਪੱਤਰੀਆਂ ਦੇ ਪੈਕਟਾਂ ਤੇ ਕੇਂਦਰ ਦਾ ਨਾਂ, ਜ਼ਿਲ੍ਹੇ ਦਾ ਨਾਂ, ਸ਼੍ਰੇਣੀ, ਉੱਤਰ-ਪੱਤਰੀਆਂ ਦੀ ਗਿਣਤੀ , ਵਿਸ਼ਾ ਕੋਡ ਅਤੇ ਮਿੱਤੀ ਜ਼ਰੂਰ ਲਿਖਿਆ ਜਾਵੇ।
10. ਅਣਵਰਤੇ ਪ੍ਰਸ਼ਨ-ਪੱਤਰ ਉੱਤਰ-ਪੱਤਰੀਆਂ ਦੇ ਨਾਲ ਹੀ ਪੈਕ ਕੀਤੇ ਜਾਣ। ਇਹਨਾਂ ਦਾ ਵੱਖਰਾ ਪੈਕਟ ਨਾ ਬਣਾਇਆ ਜਾਵੇ।
11. ਅੱਠਵੀਂ ਸ਼੍ਰੇਣੀ ਦੇ ਵਿੱਲਖਣ ਸਮਰੱਥਾ ਵਾਲੇ ਪ੍ਰੀਖਿਆਰਥੀਆਂ ਦੇ ਪੇਪਰ ਸਕੂਲ ਪੱਧਰ ਤੇ ਲਏ ਜਾਣੇ ਹਨ। ਮਾਰਕਿੰਗ ਸਕੂਲ ਪੱਧਰ ਤੇ ਹੀ ਕਰਵਾਈ ਜਾਣੀ ਹੈ, ਇਸ ਲਈ ਇਨ੍ਹਾਂ ਦੀਆਂ ਉੱਤਰ ਪੱਤਰੀਆਂ ਇੱਕਤਰ ਕੇਂਦਰ ਤੇ ਨਾ ਭੇਜੀਆਂ ਜਾਣ।
12. ਅੱਠਵੀਂ ਸ਼੍ਰੇਣੀ ਦੇ ਉੱਤਰ ਪੱਤਰੀਆਂ ਦੇ ਪੈਕਟ ਹਰੇ ਰੰਗ ਦੇ ਕਪੜੇ ਦੀ ਥੈਲੀ ਵਿੱਚ ਸੀਲਬੰਦ ਕਰਵਾਕੇ ਪੈਕਟ ਇੱਕਤਰ ਕੇਂਦਰ ਵਿੱਚ ਜਮਾਂ ਕਰਵਾਇਆ ਜਾਵੇ।
13. ਦਸਵੀਂ ਸ਼੍ਰੇਣੀ ਦੇ ਐਨ.ਐਸ.ਕਿਊ.ਐਫ, ਪ੍ਰੀਵੋਕੇਸ਼ਨਲ ਅਤੇ ਚੋਣਵੇ ਵਿਸ਼ਿਆਂ ਦੀ ਮਾਰਕਿੰਗ ਸਕੂਲ ਪੱਧਰ ਤੇ ਕਰਵਾਈ ਜਾਣੀ ਹੈ।
14. ਜੇਕਰ ਰੀਅਪੀਅਰ, ਓਪਨ ਸਕੂਲ ਅਤੇ ਡੀ.ਏ.ਕੋਡ ਵਾਲੇ ਪ੍ਰੀਖਿਆਰਥੀ ਲੜੀ ਨੰ:13 ਤੇ ਦਰਸਾਏ ਵਿਸ਼ਿਆ ਵਿੱਚੋਂ ਕੋਈ ਵਿਸ਼ਾ ਲਾਜਮੀ ਵਿਸ਼ੇ ਦੇ ਤੌਰ ਤੇ ਲੈਂਦਾ ਹੈ ਤਾਂ ਉਸ ਦੀਆਂ ਉੱਤਰ ਪੱਤਰੀਆਂ ਮੁੱਖ ਦਫਤਰ ਭੇਜੀਆ ਜਾਣ।
15. ਬਾਰ੍ਹਵੀਂ ਸ਼੍ਰੇਣੀ ਦੇ ਸਾਰੇ ਵਿਸ਼ਿਆਂ ਦੀਆਂ ਉੱਤਰ-ਪੱਤਰੀਆਂ ਇਕੱਤਰ ਕੇਂਦਰ ਤੇ ਜਮ੍ਹਾਂ ਕਰਵਾਉਣੀਆਂ ਹਨ।
16. **ਅੱਠਵੀਂ, ਦਸਵੀਂ ਅਤੇ ਬਾਰਵੀਂ ਸ਼੍ਰੇਣੀ ਦੇ ਹਸਤਾਖਰ ਚਾਰਟ ਪ੍ਰੀਖਿਆ ਖਤਮ ਹੋਣ ਦੇ ਅਖੀਰਲੇ ਦਿਨ ਲਾਸਟ ਪੈਕਟ ਨਾਲ ਵੱਖਰੇ ਤੌਰ ਤੇ ਸੀਲਬੰਦ ਲਿਫਾਫੇ ਜਮਾਂ ਕਰਵਾਏ ਜਾਣ।**

ਸਹਾਇਕ ਸਕੱਤਰ (ਅੱਠਵੀਂ ਗੁਪਤ)
ਵਾ:ਸਕੱਤਰ,ਪੰਜਾਬ ਸਕੂਲ ਸਿੱਖਿਆ ਬੋਰਡ।

26/2/2020
ਸਹਾਇਕ ਸਕੱਤਰ (ਗੁਪਤ)
ਵਾ:ਸਕੱਤਰ,ਪੰਜਾਬ ਸਕੂਲ ਸਿੱਖਿਆ ਬੋਰਡ।


ਉਪ-ਸਕੱਤਰ (ਗੁਪਤ)-0172-5227324,9501033788
ਸਹਾਇਕ ਸਕੱਤਰ(ਦਸਵੀਂ/ਬਾਰ੍ਹਵੀਂ)-0172-5227322 , 9530602152
ਸਹਾਇਕ ਸਕੱਤਰ (ਪੰਜਵੀਂ/ਅਠਵੀਂ)-0172-5227302, 9417873347
ਸੁਪਰਡੰਟ (ਅੱਠਵੀਂ)-0172-5227307
ਸੁਪਰਡੰਟ ਗੁਪਤ (ਦਸਵੀਂ)-0172-5227326, 9501031189
ਸੁਪਰਡੰਟ ਗੁਪਤ (ਬਾਰਵੀਂ)-0172-5227325,9872822581